Roll No. ........................ Total Pages : 6

# 2961/MJ

**F–31/2051**

**FUNCTIONAL PUNJABI–II**

Paper–2.1

Semester–II

Time Allowed : 3 Hours] [Maximum Marks : 70

**ਨੋਟ:** ਦਿੱਤੀਆ ਹਿਦਾਇਤਾਂ ਮੁਤਾਬਕ ਜਵਾਬ ਦਿਉ:

**ਭਾਗ–ੳ**

**ਨੋਟ:** 1. ਹੇਠਾਂ ਦਿੱਤੇ ਪਹਿਲੇ ਤਿੰਨ ਸਵਾਲਾਂ ਵਿਚੋਂ ਕੋਈ **ਇਕ** ਕਰਨਾ ਹੈ। ਇਹ ਸਵਾਲ ਵੱਡੇ ਹਨ ਅਤੇ ਹਰ ਸਵਾਲ **10** ਨੰ. ਦਾ ਹੈ।

2. ਸਵਾਲ ਨੰ. 4 ਤੋਂ 8 ਵਿਚੋਂ ਕੋਈ **ਦੋ** ਕਰਨੇ ਹਨ। ਇਹ ਸਵਾਲ ਛੋਟੇ ਹਨ ਅਤੇ ਹਰ ਸਵਾਲ **6** ਨੰ. ਦਾ ਹੈ।

1. ਜਸਵੰਤ ਦੀਦ ਦੇ ਲੇਖ 'ਪਾਲਦੀ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 10



2. ਨਿੰਦਰ ਘੁਗਿਆਣਵੀ ਦੇ ਲੇਖ 'ਪੰਜਾਬੀ ਲੋਕ ਗਾਇਕੀ ਦੇ ਚਾਰ ਥੰਮ੍ਹ' ਵਿਚ ਪੇਸ਼ ਵਿਸ਼ਾ-ਵਸਤੂ ਨੂੰ ਮਿਸਾਲਾਂ ਦੇ ਕੇ ਸ਼ਪਸ਼ਟ ਕਰੋ। 10

3. ਹਰਸ਼ਿੰਦਰ ਕੌਰ ਨੇ ਆਪਣੇ ਲੇਖ 'ਭਰੂਣ ਹੱਤਿਆ: ਇਤਿਹਾਸ, ਵਰਤਮਾਨ ਅਤੇ ਭਵਿੱਖ' ਵਿਚ ਪੇਸ਼ ਕੇਂਦਰੀ ਵਿਚਾਰਾਂ ਪੇਸ਼ ਕੀਤਾ ਹੈ। 10

4. ਜਸਪਾਲ ਸਿੰਘ ਦੇ ਲੇਖ 'ਗੁਰੂ ਮਹਿਲਾਂ ਦੀ ਨਿਵੇਕਲੀ ਦੇਣ' ਵਿਚ ਪੇਸ਼ ਕੇਂਦਰੀ ਵਿਚਾਰ ਨੂੰ ਲਿਖੋ। 6

5. ਸਤੀਸ਼ ਕੁਮਾਰ ਵਰਮਾ ਦੀ ਰਚਨਾ 'ਬਾਲੀਵੁੱਡ ਦੀ ਬੱਲੇ ਬੱਲੇ' ਵਿਚ ਲੇਖਕ ਨੇ ਬਾਲੀਵੁੱਡ ਦਾ ਜੋ ਅਕਸ ਪੇਸ਼ ਕੀਤਾ ਹੈ ਉਸਨੂੰ ਬਹੁਤ ਸੰਖੇਪ ਵਿਚ ਵਿਚਾਰੋ। 6

6. 'ਪੰਜਾਬੀ ਲੋਕ ਗਾਇਕੀ ਦੇ ਚਾਰ ਥੰਮ੍ਹ' ਰਚਨਾ ਦੇ ਆਧਾਰ 'ਤੇ ਨਿੰਦਰ ਘੁਗਿਆਣਵੀ ਦੀ ਨਿਬੰਧ ਕਲਾ ਦੇ ਪ੍ਰਮੁੱਖ ਗੁਣਾਂ ਨੂੰ ਸੰਖੇਪ ਵਿਚ ਲਿਖੋ। 6

7. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਲੇਖ 'ਮੇਰੀ ਪੜ੍ਹਾਈ' ਦੇ ਆਖਰੀ ਪਹਿਰੇ ਵਿਚ ਜੋ ਵਿਚਾਰ ਪੇਸ਼ ਕੀਤੇ ਹਨ, ਉਨ੍ਹਾਂ ਨੂੰ ਵਿਚਾਰੋ। 6

8. ਨਰਿੰਦਰ ਸਿੰਘ ਕਪੂਰ ਦੀ ਰਚਨਾ 'ਨਿਰਾਸ਼ ਹੋਣਾ ਮਨ੍ਹਾਂ ਹੈ' ਦੇ ਆਧਾਰ 'ਤੇ ਲੇਖਕ ਦੀ ਵਾਰਤਕ ਸ਼ੈਲੀ ਦੇ ਪ੍ਰਮੁਖ ਗੁਣ ਨੂੰ ਸੰਖੇਪ ਵਿਚ ਵਿਚਾਰੋ। 6

**ਭਾਗ–ਅ**

**ਨੋਟ:** 1. ਸਵਾਲ ਨੰ. 9 ਤੋਂ 11 ਵਿਚੋਂ ਕੋਈ **ਇਕ** ਕਰਨਾ ਹੈ। ਇਹ ਸਵਾਲ 8 ਨੰ. ਦਾ ਹੈ।

2. ਸਵਾਲ ਨੰ. 12 ਤੋਂ 13 ਵਿਚੋਂ ਕੋਈ **ਇਕ** ਕਰਨਾ ਹੈ। ਇਹ ਸਵਾਲ **10** ਨੰ. ਦਾ ਹੈ।

9. ਆਪਣੇ ਨਿੱਕੀ ਭੈਣ ਨੂੰ ਚਿੱਠੀ ਲਿਖੋ ਜਿਸ ਵਿਚ ਮਨ ਲਗਾ ਕੇ ਪੜ੍ਹਾਈ ਕਰਨ ਲਈ ਦੋ ਸੁਝਾਅ ਦਿੱਤੇ ਹੋਣ। 8

10. ਆਪਣੇ ਛੋਟੇ ਵੀਰ ਨੂੰ ਚਿੱਠੀ ਲਿਖੋ ਜਿਸ ਵਿਚ ਚੰਗੀ ਸਿਹਤ ਦੇ ਰਾਜ ਦੱਸੇ ਗਏ ਹੋਣ। 8

11. ਸ਼ਹਿਰ ਦੇ ਮਿਊਸਪਲ ਕਮਿਸ਼ਨਰ ਨੂੰ ਪੱਤਰ ਲਿਖੋ ਜਿਸ ਵਿਚ ਸ਼ਹਿਰ ਫ਼ੈਲੀ ਗੰਦਗੀ ਕਾਰਨ ਪੈਸਦ ਹੋ ਰਹੀਆਂ ਬੀਮਾਰੀਆਂ ਦਾ ਜ਼ਿਕਰ ਕੀਤਾ ਹੋਵੇ। 8



12. ਸ਼ਬਦ-ਰਚਨਾ ਦੀ ਪ੍ਰਮਾਣਿਕ ਪਰਿਭਾਸ਼ਾ ਦਿੰਦੇ ਹੋਏ ਇਸਦੇ ਮੁੱਢਲੇ ਸੰਕਲਪ ਅਤੇ ਮੂਲ ਰੂਪ ਮਿਸਾਲਾਂ ਦੇ ਕੇ ਸਪੱਸ਼ਟ ਕਰੋ। 10

13. ਉਪ-ਭਾਸ਼ਾ ਤੋਂ ਕੀ ਭਾਵ ਹੈ? ਪੰਜਾਬੀ ਦੀਆਂ ਕੋਈ ਚਾਰ ਉਪ-ਭਾਸ਼ਾਵਾਂ ਦੀਆਂ ਵਿਸ਼ੇਸ਼ਤਾਂਵਾਂ ਨੂੰ ਮਿਸਾਲਾਂ ਦੇ ਕੇ ਸਪੱਸ਼ਟ ਕਰੋ। 10

**ਭਾਗ–ੲ**

14. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਓ: 15×2=30

(i) 'ਵਿਗਿਆਨ ਅਤੇ ਸਭਿਆਚਾਰ' ਲੇਖ ਵਿਚ ਲੇਖਕ ਨੇ ਅੰਧ-ਵਿਸ਼ਵਾਸ ਵਿਚੋਂ ਵੀ ਵਿਗਿਆਨ ਦੇ ਹੋਂਦ ਵਿਚ ਆਉਣ ਦੀ ਗੱਲ ਕਿਉਂ ਕੀਤੀ ਹੈ?

(ii) 'ਗੁਰੂ ਮਹਿਲਾਂ ਦੀ ਨਿਵੇਕਲੀ ਦੇਣ' ਲੇਖ ਵਿਚ ਲੇਖਕ ਨੇ ਮਾਤਾ ਸਾਹਿਬ ਕੌਰ ਦੀ ਪ੍ਰਮੁੱਖ ਦੇਣ ਕੀ ਕਹੀ ਹੈ?

(iii) ਨਿੰਦਰ ਘੁਗਿਆਣਵੀ ਨੇ ਆਪਣੇ ਲੇਖ 'ਪੰਜਾਬੀ ਲੋਕ ਗਾਇਕੀ ਦੇ ਚਾਰ ਥੰਮ੍ਹ' ਵਿਚ ਕਿਹੜੇ ਲੋਕ-ਗਾਇਕਾਂ ਦੀ ਗੱਲ ਕੀਤੀ ਹੈ?

(iv) ਸਵਰਨ ਸਿੰਘ ਦੇ ਆਪਣੇ ਲੇਖ 'ਪੰਜਾਬੀਆਂ ਦੀ ਧੱਕੜ ਖੇਡ ਕਬੱਡੀ' ਵਿਚ ਕਬੱਡੀ ਨੂੰ ਧੱਕੜ ਖੇਡ ਕਿਉਂ ਕਿਹਾ ਹੈ?

(v) ਸੁਰਜੀਤ ਪਾਤਰ ਨੇ ਆਪਣੀ ਰਚਨਾ 'ਉਹ ਸ਼ਹਿਰ ਜਿੱਥੇ ਮੈਂ ਬਿਰਖ ਬਣਿਆ' ਕਿਸ ਭੂਤਵਾੜੇ ਦਾ ਜ਼ਿਕਰ ਕੀਤਾ ਹੈ?

(vi) 'ਗੁਰੂ ਮਹਿਲਾਂ ਦੀ ਨਿਵੇਕਲੀ ਦੇਣ' ਲੇਖ ਦੇ ਲੇਖਕ ਜਸਪਾਲ ਸਿੰਘ ਸਬੰਧੀ ਬਹੁਤ ਸੰਖੇਪ ਵਿਚ ਜਾਣਕਾਰੀ ਦਿਉ।

(vii) ਵਾਰਤਕ ਵਿਵੇਕ ਪੁਸਤਕ ਪਹਿਲੀ ਵਾਰ ਕਦੋਂ ਛਪੀ ਅਤੇ ਇਸ ਪੁਸਤਕ ਵਿਚ ਪ੍ਰਾਪਤ ਆਖਰੀ ਲੇਖ ਅਤੇ ਲੇਖਕ ਨਾ ਨਾਂ ਲਿਖੋ।

(viii) ਸ਼ਬਦ-ਬਣਤਰ ਤੋਂ ਕੀ ਭਾਵ ਹੈ?

(ix) ਵਿਉਂਤਪਤ ਰੂਪ ਤੋਂ ਕੀ ਭਾਵ ਹੈ? ਮਿਸਾਲ ਵੀ ਦਿਉ।

(x) ਕਿਸੇ ਭਾਸ਼ਾ ਵਿਗਿਆਨੀ ਦੀ ਭਾਸ਼ਾ ਦੇ ਸਬੰਧ ਵਿਚ ਪ੍ਰਾਪਤ ਪਰਿਭਾਸ਼ਾ ਨੂੰ ਪੇਸ਼ ਕਰੋ।



(xi) ਜੰਮੂ-ਕਸ਼ਮੀਰ ਰਾਜ ਵਿਚ ਪੰਜਾਬੀ ਭਾਸ਼ਾ ਦਾ ਕਿਹੜਾ ਰੂਪ ਮਿਲਦਾ ਹੈ। ਉਹ ਖੇਤਰ ਵੀ ਦੱਸੋ ਜਿੱਥੇ ਇਹ ਭਾਸ਼ਾ ਬੋਲੀ ਜਾਂਦੀ ਹੈ।

(xii) ਪੰਜਾਬੀ ਦੀਆ ਮਾਝੀ ਅਤੇ ਮਲਵਈ ਉਪ-ਭਾਸ਼ਾਵਾਂ ਦੇ ਵਿਚ ਕਿਰਿਆ ਰੂਪ ਵਿਚ ਕਿਸੇ ਬੁਨਿਆਦੀ ਫ਼ਰਕ ਨੂੰ ਲਿਖੋ।

(xiii) ਕਿਸੇ ਮੂਲ ਸ਼ਬਦ ਨੂੰ ਲਿਖ ਕੇ ਉਸਦੇ ਤਿੰਨ ਪਿਛੇਤਰ ਰੂਪ ਵੀ ਲਿਖੋ।

(xiv) ਭਾਸ਼ਾ ਦਾ ਮੁੱਢਲਾ ਪਛਾਣ ਚਿੰਨ੍ਹ ਕੀ ਹੈ?

(xv) ਕਿਸੇ ਭਾਸ਼ਾ ਦੇ ਟਕਸਾਲੀ ਭਾਸ਼ਾ ਰੂਪ ਦੇ ਬੁਨਿਆਦੀ ਆਧਾਰ ਨੂੰ ਲਿਖੋ।